# ਰਾਜ ਮੰਤਰੀ ਵੀ. ਮੁਰਲੀਧਰਨ ਨੇ ਰੀਓ ਡੀ ਜਨੇਰੀਓ ਵਿੱਚ ਜੀ-20 ਦੀ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਭਾਗ ਲਿਆ

ਫਰਵਰੀ 23, 2024

ਵਿਦੇਸ਼ ਮਾਮਲਿਆਂ ਅਤੇ ਸੰਸਦੀ ਮਾਮਲਿਆਂ ਦੇ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਨੇ ਬ੍ਰਾਜ਼ੀਲ ਦੀ ਜੀ20 ਪ੍ਰਧਾਨਗੀ ਹੇਠਾਂ, 21-22 ਫਰਵਰੀ 2024 ਨੂੰ, ਰੀਓ ਡੀ ਜਨੇਰੀਓ ਵਿੱਚ ਹੋਈ ਜੀ-20 ਦੀ ਵਿਦੇਸ਼ ਮੰਤਰੀਆਂ ਦੀ ਬੈਠਕ (ਐਫ.ਐਮ.ਐਮ.) ਵਿੱਚ ਭਾਗ ਲਿਆ। ਜੀ20 ਮੈਂਬਰਾਂ ਤੇ ਵਿਦੇਸ਼ ਮੰਤਰੀ ਅਤੇ ਵਫ਼ਦਾਂ ਦੇ ਮੁਖੀ, ਸੱਦੇ ਗਏ ਮੁਲਕ ਅਤੇ ਅੰਤਰਰਾਸ਼ਟਰੀ ਸੰਗਠਨਾਂ ਨੇ ਐਫ.ਐਮ.ਐਮ. ਵਿੱਚ ਭਾਗ ਲਿਆ, ਜਿਸਦੀ ਪ੍ਰਧਾਨਗੀ ਸ਼੍ਰੀ ਮੌਰੋ ਵਿਏਰਾ, ਬ੍ਰਾਜ਼ੀਲ ਦੇ ਵਿਦੇਸ਼ ਮੰਤਰੀ ਨੇ ਕੀਤੀ।

21 ਫਰਵਰੀ 2024 ਨੂੰ ਐਫ.ਐਮ.ਐਮ. ਦੇ "ਚਲ ਰਹੇ ਅੰਤਰਰਾਸ਼ਟਰੀ ਤਣਾਅ ਨਾਲ ਨਜਿੱਠਣ ਵਿੱਚ ਜੀ20 ਦੀ ਭੂਮਿਕਾ" ਦੇ ਸੈਸ਼ਨ-। ਵਿਖੇ, ਰਾਜ ਮੰਤਰੀ ਨੇ ਬ੍ਰਾਜ਼ੀਲ ਦੀ ਜੀ20 ਪ੍ਰਧਾਨਗੀ ਵਾਸਤੇ ਭਾਰਤ ਦਾ ਦ੍ਰਿੜ ਸਮਰਥਨ ਪ੍ਰਗਟ ਕੀਤਾ ਅਤੇ ਨੋਟ ਕੀਤਾ ਕਿ ਚਾਰ ਵਿਕਾਸਸ਼ੀਲ ਦੇਸ਼ (ਇੰਡੋਨੇਸ਼ੀਆ, ਭਾਰਤ, ਬ੍ਰਾਜ਼ੀਲ ਅਤੇ ਦੱਖਣੀ ਅਫ਼ਰੀਕਾ) ਜੀ20 ਪ੍ਰਧਾਨਗੀ ਇੱਕੋ ਕਤਾਰ ਵਿੱਚ ਕਰ ਰਹੇ ਹਨ। ਪਿਛਲੇ ਸਾਲ ਜੀ20 ਵਿੱਚ ਅਫਰੀਕਨ ਯੂਨੀਅਨ (ਏ.ਯੂ.) ਦੇ ਸ਼ਾਮਲ ਕੀਤੇ ਜਾਣ ਨੂੰ ਯਾਦ ਕਰਦੇ ਹੋਏ, ਉਨ੍ਹਾਂ ਨੇ ਏ.ਯੂ. ਦਾ ਇੱਕ ਸਥਾਈ G20 ਮੈਂਬਰ ਦੇ ਤੌਰ 'ਤੇ ਇਸਦੇ ਪਹਿਲੇ ਜੀ20 ਐਫ.ਐਮ.ਐਮ. ਵਿੱਚ ਇਸਦਾ ਸਵਾਗਤ ਕੀਤਾ।

ਰਾਜ ਮੰਤਰੀ ਨੇ ਸਮਕਾਲੀ ਗਲੋਬਲ ਚੁਣੌਤੀਆਂ, ਜਿਸਦਾ ਗਲੋਬਲ ਦੱਖਣ 'ਤੇ ਅਸਪਸ਼ਟ ਪ੍ਰਭਾਵ ਪੈਂਦਾ ਹੈ, ਵਾਸਤੇ ਇੱਕ ਸਮਾਵੇਸ਼ੀ ਅਤੇ ਕਾਰਵਾਈ-ਮੁਖੀ ਜਵਾਬ ਦੇ ਮਹੱਤਵ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜੀ20 ਦੇ ਨਵੀਂ ਦਿੱਲੀ ਲੀਡਰਜ਼ ਡੈਕਲਾਰੇਸ਼ਨ (ਐਨ.ਡੀ.ਐਲ.ਡੀ.) ਵਿੱਚ ਪ੍ਰਾਪਤ ਹੋਈ ਕੀਮਤੀ ਸਹਿਮਤੀ ਨੂੰ ਯਾਦ ਕੀਤਾ, ਅਤੇ ਜੀ -20 ਨੂੰ ਵਿਕਾਸ ਨਾਲ ਸਬੰਧਤ ਮੁੱਦਿਆਂ 'ਤੇ ਆਪਣਾ ਧਿਆਨ ਬਣਾਈ ਰੱਖਣ ਅਤੇ ਐਨ.ਡੀ.ਐਲ.ਡੀ. ਦੇ ਸਾਰੇ ਸਹਿਮਤੀ ਬਣਾਏ ਗਏ ਫੈਸਲਿਆਂ ਅਤੇ ਨਤੀਜਿਆਂ 'ਤੇ ਪ੍ਰਗਤੀ ਨੂੰ ਤੇਜ਼ ਕਰਨ ਦੀ ਤਾਕੀਦ ਕੀਤੀ।

22 ਫਰਵਰੀ 2024 ਨੂੰ "ਗਲੋਬਲ ਗਵਰਨੈਂਸ ਰਿਫਾਰਮ" 'ਤੇ ਐਫ.ਐਮ.ਐਮ. ਦੇ ਸੈਸ਼ਨ-।। ਵਿੱਚ, ਰਾਜ ਮੰਤਰੀ ਨੇ ਕਿਹਾ ਕਿ 20ਵੀਂ ਸਦੀ ਵਿੱਚ ਮੌਜੂਦਾ ਬਹੁਪੱਖੀ ਸ਼ਾਸਨ ਢਾਂਚੇ ਦੀ ਸਿਰਜਣਾ ਤੋਂ ਬਾਅਦ ਗਲੋਬਲ ਆਰਡਰ ਵਿੱਚ ਨਾਟਕੀ ਤਬਦੀਲੀਆਂ ਆਈਆਂ ਹਨ, ਅਤੇ ਉਨ੍ਹਾਂ ਨੇ ਪ੍ਰਮੁੱਖ ਗਲੋਬਲ ਸੰਸਥਾਵਾਂ ਦੇ ਢਾਂਚੇ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚ ਪੈਰਾਡਾਈਮ ਤਬਦੀਲੀ ਲੈਕੇ ਆਉਣ ਦੀ ਮਹੱਤਵਪੂਰਨ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਉਹਨਾਂ ਨੂੰ ਸਮਕਾਲੀ ਚੁਣੌਤੀਆਂ ਲਈ ਵਧੇਰੇ ਜਵਾਬਦੇਹ ਬਣਾਇਆ ਜਾ ਸਕੇ। ਇਹ ਯਾਦ ਕਰਦੇ ਹੋਏ ਕਿ ਜੀ20 ਨੇਤਾਵਾਂ ਨੇ, ਐਨ.ਡੀ.ਐਲ.ਡੀ. ਵਿੱਚ, ਬਿਹਤਰ, ਵੱਡੇ ਅਤੇ ਜਿਆਦਾ ਪ੍ਰਭਾਵਸ਼ਾਲੀ ਅਤੇ ਵਧੇਰੇ ਪ੍ਰਤੀਨਿਧ ਬਹੁਪੱਖੀ ਵਿਕਾਸ ਬੈਂਕਾਂ (ਐਮ.ਡੀ.ਬੀਜ਼), ਪ੍ਰਦਾਨ ਕਰਨ ਲਈ ਸਹਿਮਤੀ ਦਿੱਤੀ ਸੀ, ਉਨ੍ਹਾਂ ਨੇ ਤੇਜ਼ ਪ੍ਰਗਤੀ ਐਸ.ਡੀ.ਜੀਜ਼ ਅਤੇ ਜਲਵਾਯੂ ਕਾਰਵਾਈਆਂ ਨੂੰ ਸਮਰੱਥ ਬਣਾਉਣ ਲਈ ਬਿਹਤਰ ਹੋਏ ਵਿੱਤੀ ਪ੍ਰਵਾਹ ਦੀ ਮੰਗ ਕੀਤੀ। ਉਨ੍ਹਾਂ ਨੇ ਇੱਕ ਪਰਿਭਾਸ਼ਿਤ ਸਮਾਂ-ਸੀਮਾ ਵਿੱਚ ਯੂ.ਐਨ. ਸੁਰੱਖਿਆ ਪ੍ਰੀਸ਼ਦ ਸਮੇਤ ਯੂ.ਐਨ. ਸੁਧਾਰਾਂ ਦੀ ਖੁੱਲੀ, ਪਾਰਦਰਸ਼ੀ ਅਤੇ ਨਤੀਜਾ-ਮੁਖੀ ਪ੍ਰਕਿਰਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਪਾਰ ਅਤੇ ਨਿਵੇਸ਼ ਨੂੰ ਸਮਰੱਥ ਬਣਾਉਣ ਵਾਲਿਆਂ ਨੀਤੀਆਂ, ਜੋ

ਸਾਰਿਆਂ ਦੇ ਵਾਸਤੇ ਵਿਕਾਸ ਅਤੇ ਖੁਸ਼ਹਾਲੀ ਦੇ ਇੰਜਣ ਵਜੋਂ ਕੰਮ ਕਰਨਗੀਆਂ, ਨੂੰ ਭਾਰਤ ਦੇ ਸਮਰਥਨ ਦੇਣ ਦੀ ਗੱਲ ਨੂੰ ਦੁਹਰਾਇਆ।

ਰਾਜ ਮੰਤਰੀ ਨੇ 21 ਫਰਵਰੀ ਨੂੰ ਬ੍ਰਾਜ਼ੀਲ ਦੇ ਵਿਦੇਸ਼ ਮੰਤਰੀ ਅਤੇ ਰੀਓ ਦੇ ਮੇਅਰ ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਅਧਿਕਾਰਤ ਰਾਤ ਦੇ ਖਾਣੇ ਦੇ ਵਿੱਚ ਸ਼ਿਰਕਤ ਕੀਤੀ ਅਤੇ ਨਾਲ ਹੀ ਬ੍ਰਾਜ਼ੀਲ ਦੇ ਵਿਦੇਸ਼ ਮੰਤਰੀ ਦੁਆਰਾ 22 ਫਰਵਰੀ ਨੂੰ ਜੀ-20 ਦੇ ਵਿਦੇਸ਼ ਮੰਤਰੀਆਂ ਅਤੇ ਵਫਦਾਂ ਦੇ ਮੁਖੀਆਂ ਵਾਸਤੇ ਆਯੋਜਿਤ ਕੀਤੇ ਗਏ ਵਿਦਾਇਗੀ ਵਾਲੇ ਦੁਪਹਿਰ ਦੇ ਖਾਣੇ ਵਿੱਚ ਵੀ ਆਪਣੀ ਹਾਜ਼ਰੀ ਦਿੱਤੀ। ਰਾਜ ਮੰਤਰੀ ਨੇ ਐਫ.ਐਮ.ਐਮ. ਦੇ ਦੌਰਾਨ ਕਈ ਭਾਗ ਲੈਣ ਵਾਲੇ ਵਿਦੇਸ਼ ਮੰਤਰੀਆਂ (ਐਫ.ਐਮ.) ਨਾਲ ਗੱਲਬਾਤ ਕੀਤੀ, ਉਰੂਗਵੇ ਦੇ ਵਿਦੇਸ਼ ਮੰਤਰੀ, ਇੰਜੀ. ਉਮਰ ਪਗਾਨੀਨੀ ਨਾਲ ਦੁਵੱਲੀ ਬੈਠਕ ਕੀਤੀ ਅਤੇ ਰੀਓ ਵਿੱਚ ਸਥਾਨਕ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ।

ਰਾਜ ਮੰਤਰੀ ਨੇ ਐਫ.ਐਮ.ਐਮ. ਤੋਂ ਬਾਅਦ 22 ਫਰਵਰੀ ਨੂੰ ਭਾਰਤ-ਬ੍ਰਾਜ਼ੀਲ-ਦੱਖਣੀ ਅਫਰੀਕਾ (ਆਈ.ਬੀ.ਐਸ.ਏ.) ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਹਿੱਸਾ ਲਿਆ। ਇਸ ਵਿੱਚ ਦੋ ਸੈਸ਼ਨ ਸ਼ਾਮਲ ਸਨ, ਇੱਕ "ਆਈ.ਬੀ.ਐਸ.ਏ.: ਪਰਿਪੇਖ ਅਤੇ ਸੰਸਥਾਗਤ ਵਿਕਾਸ" ਅਤੇ ਦੂਜਾ "ਜੀ20" ਉੱਤੇ। ਆਈ.ਬੀ.ਐਸ.ਏ. ਮੰਤਰੀਆਂ ਨੇ ਆਈ.ਬੀ.ਐਸ.ਏ. ਏਕਤਾ ਅਤੇ ਕਨਵਰਜੈਂਸ ਦੇ ਮਹੱਤਵ 'ਤੇ ਜ਼ੋਰ ਦਿੱਤਾ, ਅਤੇ ਸਾਂਝੇ ਹਿੱਤ ਦੇ ਖੇਤਰਾਂ ਵਿੱਚ ਕਾਰਜਸ਼ੀਲ ਸਹਿਯੋਗ ਨੂੰ ਵਾਧਾ ਦੇਣ ਦੀ ਲੋੜ 'ਤੇ ਸਹਿਮਤੀ ਪ੍ਰਗਟ ਕੀਤੀ।

**ਨਵੀਂ ਦਿੱਲੀ**
**ਫਰਵਰੀ 23, 2024**